ਨਿਊਜ਼ ਰਿਲੀਜ਼

# ਨਸਲਵਾਦ ਦੇ ਵਿਰੁੱਧ ਲੜਾਈ ਨੂੰ ਅਗਾਂਹ ਵਧਾਉਣਾ

21 ਫਰਵਰੀ, 2025 ਮੀਡੀਆ ਇੰਨਕੁਆਰੀਆਂ

## ਐਲਬਰਟਾ ਦੀ ਸਰਕਾਰ ਨਸਲਵਾਦ ਨਾਲ ਨਿਪਟਣ ਅਤੇ ਵਧੇਰੇ ਸੰਮਿਲਤ ਪ੍ਰਕਾਰ ਦਾ ਸੂਬਾ ਉਸਾਰਨ ਲਈ ਕਾਰਵਾਈ ਕਰਨਾਂ ਜਾਰੀ ਰੱਖ ਰਹੀ ਹੈ।

ਐਲਬਰਟਾ ਇੰਮੀਗਰੇਸ਼ਨ ਐਂਡ ਮਲਟੀਕਲਚਰਲਿਜ਼ਮ ਵਿਭਾਗ ਨੇ ਆਪਣੀ ਦੂਸਰੀ ਸਲਾਨਾਂ ਰਿਪੋਰਟ ਜਾਰੀ ਕੀਤੀ ਹੈ, ਜਿਸ 'ਚ ਨਸਲਵਾਦ ਨਾਲ ਲੜਨ, ਵਿਭਿੰਨਤਾ ਦੇ ਜ਼ਸ਼ਨ ਮਨਾਉਣ ਅਤੇ ਐਲਬਰਟਾ ਦੀ ਐਂਟੀ-ਰੇਸਿਜ਼ਮ ਐਕਸ਼ਨ ਪਲੈਨ 'ਚ ਦੱਸੀਆਂ ਗਈਆਂ ਸਿਫਾਰਸ਼ਾਂ ਦੇ ਲਾਗੂ ਕਰਨ ਨੂੰ ਅਗਾਂਗ ਵਧਾਉਣ ਲਈ ਬੀਤੇ ਵਰ੍ਹੇ 'ਚ ਕੀਤੀਆਂ ਗਈਆਂ ਬਹੁਤ ਸਾਰੀਆਂ ਸਰਕਾਰੀ ਕਾਰਵਾਈਆਂ ਨੂੰ ਉਜਾਗਰ ਕੀਤਾ ਗਿਆ ਹੈ।

2022 'ਚ ਸ਼ੁਰੂ ਕੀਤੀ ਗਈ ਐਲਬਰਟਾ ਦੀ ਐਂਟੀ-ਰੇਸਿਜ਼ਿਮ ਐਕਸ਼ਨ ਪਲੈਨ 'ਚ ਤਿੰਨ ਸਾਲਾਂ ਦੇ ਸਮੇਂ ਦੌਰਾਨ ਕਾਰਵਾਈ ਅਧੀਨ ਲਈਆਂ ਜਾਣ ਵਾਲੀਆਂ 28 ਸਿਫਾਰਸ਼ਾਂ ਸ਼ਾਮਲ ਹਨ। ਭਾਵੇਂ ਕਿ ਯੋਜਨਾਂ 28 ਵਿਸ਼ੇਸ਼ ਕਾਰਵਾਈਆਂ ਦੀ ਹੀ ਪਛਾਣ ਕਰਦੀ ਹੈ, ਪਰੰਤੂ ਹਰੇਕ ਦੇ ਤਹਿਤ ਆਉਂਦੇ ਕੰਮ ਦਾ ਖੇਤਰ ਫੈਲਦਾ ਜਾਂਦਾ ਹੈ। ਅੱਜ ਤੱਕ, 28 ਵਿਸ਼ੇਸ਼ ਸਿਫਾਰਸ਼ਾਂ 'ਤੇ ਕੰਮ ਕੀਤਾ ਗਿਆ ਹੈ, ਅਤੇ ਉਨ੍ਹਾਂ 'ਚੋਂ 27 ਪੂਰੀਆਂ ਹੋ ਚੁੱਕੀਆਂ ਹਨ।

"ਇਹ ਰਿਪੋਰਟ ਉਨ੍ਹਾਂ ਕਦਮਾਂ ਨੂੰ ਪ੍ਰਦਰਸ਼ਤ ਕਰਦੀ ਹੈ ਜਿਹੜੇ ਸਾਡੀ ਸਰਕਾਰ ਉਨ੍ਹਾਂ ਉਪਾਵਾਂ ਨੂੰ ਲਾਗੂ ਕਰਨ ਲਈ ਉਠਾ ਰਹੀ ਹੈ ਜੋ ਸਿਸਟਮਗਤ ਰੁਕਾਵਟਾਂ ਅਤੇ ਵਿਤਕਰਿਆਂ ਨੂੰ ਰੋਕਦੇ ਹਨ। ਮੈਨੂੰ ਉਸ ਪ੍ਰਗਤੀ 'ਤੇ ਮਾਣ ਹੈ ਜਿਹੜੀ ਅਸੀਂ ਹੁਣ ਤੱਕ ਕਰ ਚੁੱਕੇ ਹਾਂ। ਸਾਂਝੇ ਤੌਰ 'ਤੇ ਸਰਕਾਰ ਦੀਆਂ ਕਾਰਵਾਈਆਂ ਇਕ ਵਧੇਰੇ ਸਵਾਗਤੀ ਪ੍ਰਕਾਰ ਦਾ ਸੂਬਾ ਉਸਾਰਨ 'ਚ ਮਦਦ ਕਰ ਰਹੀਆਂ ਹਨ।"

*Muhammad Yaseen, ਮਿਨਿਸਟਰ ਆਫ ਇੰਮੀਗਰੇਸ਼ਨ ਐਂਡ ਮਲਟੀਕਲਚਰਲਿਜ਼ਮ*

ਰਿਪੋਰਟ ਵਿਚ ਦੱਸੀਆਂ ਗਈਆਂ ਪ੍ਰਾਪਤੀਆਂ 'ਚ ਸ਼ਾਮਲ ਹਨ, ਐਲਬਰਟਾ ਐਂਟੀ-ਰੇਸਿਜ਼ਮ ਐਡਵਾਇਜ਼ਰੀ ਕੌਂਸਲ ਦੇ ਚੱਲ ਰਹੇ ਕਾਰਜ ਵਿਚ ਸਹਾਇਤਾ ਕਰਨ ਲਈ ਐਲਬਰਟਾ ਦੀ ਪਹਿਲੀ ਬਲੈਕ ਐਡਵਾਇਜ਼ਰੀ ਕੌਂਸਲ ਅਤੇ ਪ੍ਰੀਮੀਅਰ ਦੀ ਕੌਂਸਲ ਆਨ ਮਲਟੀਕਲਚਰਲਿਜ਼ਮ ਦੀ ਸਿਰਜਨਾਂ। ਇਹ ਕੌਂਸਲਾਂ ਕਮਿਊਨਿਟੀਆਂ ਨਾਲ ਲਗਾਤਾਰ

ਚਾਲੂ ਆਧਾਰ 'ਤੇ ਫੀਡਬੈਕ ਅਤੇ ਅੰਦਰੂਨੀ ਸਮਝ ਇਕੱਠੀ ਕਰਨ ਲਈ ਆਦਾਨ-ਪ੍ਰਦਾਨ ਕਰਦੀਆਂ ਹਨ, ਜਿਸ ਨਾਲ ਨਸਲਵਾਦ-ਵਿਰੋਧੀ ਅਤੇ ਸੱਭਿਆਚਾਰਕ ਸਾਂਝ-ਭਿਆਲੀ ਦੇ ਯਤਨਾਂ ਨੂੰ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਕੌਂਸਲ ਦੇ ਕੰਮ ਤੋਂ ਇਲਾਵਾ, 2024 'ਚ ਐਥਨੋਕਲਚਰਲ ਗਰਾਂਟ ਪ੍ਰੋਗਰਾਮ ਨੇ ਅੰਤਰ-ਸੱਭਿਆਚਾਰਕ ਸੁਚੇਤਨਾਂ ਨੂੰ ਵਧਾਉਣ ਦੇ 182 ਪ੍ਰਾਜੈਕਟਾਂ ਨੂੰ 5.1 ਮਿਲੀਅਨ ਡਾਲਰ ਫੰਡਿੰਗ ਪ੍ਰਦਾਨ ਕੀਤੀ,  ਜਦੋਂ ਕਿ ਐਂਟੀ-ਰੇਸਿਜ਼ਮ ਗਰਾਂਟ ਪ੍ਰੋਗਰਾਮ ਨੇ 49 ਨਸਲਵਾਦ ਵਿਰੋਧੀ ਪਹਿਲਕਦਮੀਆਂ ਨੂੰ 424,000 ਡਾਲਰ ਦੀ ਗਰਾਂਟ ਪ੍ਰਦਾਨ ਕੀਤੀ।

"ਕੌਂਸਲ ਐਕਸ਼ਨ ਪਲੈਨ ਦੀ ਪ੍ਰਗਤੀ ਵੇਖਣ ਅਤੇ ਪਬਲਿਕ ਸਿੱਖਿਆ, ਕਮਿਊਨਿਟੀਆਂ ਦੇ ਸਸ਼ਕਤੀਕਰਨ, ਡੈਟਾ ਅਤੇ ਪੈਮਾਇਸ਼, ਸਿਸਟਮ ਤਬਦੀਲੀਆਂ ਅਤੇ ਨਫਰਤੀ ਘਟਨਾਵਾਂ ਬਾਰੇ ਕਾਰਵਾਈ ਕਰਨ ਦੁਆਰਾ ਨਸਲਵਾਦ ਨਾਲ ਲੜਨ ਦੀ ਸਰਕਾਰ ਦੀ ਪ੍ਰਤਿਬਧਤਾ ਤੋਂ ਬਹੁਤ ਖੁਸ਼ ਹੈ। ਅਜੇ ਵੀ ਬਹੁਤ ਸਾਰਾ ਹੋਰ ਕੰਮ ਕੀਤੇ ਜਾਣ ਦੀ ਲੋੜ ਹੈ, ਕਿਉਂਕਿ ਨਸਲਵਾਦ ਅਤੇ ਸੰਮਿਲਨ ਸਾਡੇ ਸੂਬੇ 'ਚ ਅਨਿੱਖੜ ਮੁੱਦੇ ਬਣੇ ਰਹਿੰਦੇ ਹਨ। ਕੌਂਸਲ, ਐਕਸ਼ਨ ਪਲੈਨ ਨਾਲ ਮਿਲਕੇ ਸਿਫਾਰਸ਼ਾਂ ਦੇ ਕੰਮ ਨੂੰ ਅਗਾਂਹ ਵਧਾਉਣ ਲਈ ਸਖਤੀ ਨਾਲ ਕੰਮ ਕਰ ਰਹੀ ਹੈ ਅਤੇ ਇੰਜ ਕਰ ਸਕਣ ਦੇ ਮੌਕੇ ਪ੍ਰਦਾਨ ਕੀਤੇ ਜਾਣ ਲਈ ਧੰਨਵਾਦੀ ਹੈ।"

*Sania Chaudhry, ਕੋ-ਚੇਅਰ, ਐਲਬਰਟਾ ਐਂਟੀ-ਰੇਸਿਜ਼ਮ ਐਡਵਾਇਜ਼ਰੀ ਕੌਂਸਲ*

ਨਸਲਵਾਦ ਨਾਲ ਨਿਪਟਣ ਲਈ ਕੰਮ ਕਰਨ ਵਾਸਤੇ ਅੰਤਰ-ਸਰਕਾਰ ਕਾਰਵਾਈ ਦੀ ਜ਼ਰੂਰਤ ਹੈ। ਜਦੋਂ ਤੋਂ ਐਕਸ਼ਨ ਪਲੈਨ ਬਣਾਈ ਗਈ, ਸਾਰੇ ਵਿਭਾਗ ਹੀ ਇਸ ਮੁੱਦੇ 'ਤੇ ਕਾਬੂ ਪਾਉਂਦੇ ਆ ਰਹੇ ਹਨ। ਸੀਨੀਅਰਜ਼, ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼ ਵਿਭਾਗ ਵਿਚ ਪਿਛਲੇ ਵਰ੍ਹੇ ਕੀਤੀਆਂ ਗਈਆਂ ਕਾਰਵਾਈਆਂ ਸਿਸਟਮਗਤ ਅਤੇ ਸਾਮਾਜਿਕ ਰੁਕਾਵਟਾਂ ਨੂੰ ਪਛਾਣਨ ਅਤੇ ਹੱਲ ਕਰਨ 'ਚ ਅਤੇ ਪੁੱਜਤਯੋਗ ਰਿਹਾਇਸ਼ਾਂ 'ਚ ਸਹਾਇਤਾ ਜੁਟਾਉਣ 'ਚ ਫਸਟ ਨੇਸ਼ਨਜ਼ ਅਤੇ ਮੈਟਿਸ ਗੁਰੱਪਾਂ ਦੀ ਸਹਾਇਤਾ ਕਰਦੀਆਂ ਹਨ।

“ਅਸੀਂ ਜਾਣਦੇ ਹਾਂ ਕਿ ਇੰਡਿਜਨਸ ਲੋਕਾਂ ਨੂੰ ਵਿਤਕਰੇ ਦਾ ਸਾਹਮਣਾ ਕਰਨਾਂ ਪੈ ਸਕਦਾ ਹੈ, ਜਦੋਂ ਉਹ ਪੁੱਜਤਯੋਗ ਰਿਹਾਇਸ਼ ਤੱਕ ਪਹੁੰਚ ਕਰਦੇ ਹਨ ਅਤੇ ਉਪਲਬਧ ਰਿਹਾਇਸ਼ੀ ਵਿਕਲਪ ਹਮੇਸ਼ਾਂ ਉਨ੍ਹਾਂ ਦੀਆਂ ਲੋੜਾਂ ਲਈ ਢੁਕਵੇਂ ਨਹੀਂ ਹੋ ਸਕਦੇ ਹੁੰਦੇ। ਇਸ ਵਾਸਤੇ ਅਸੀਂ ਇੰਡਿਜਨਸ ਹਾਊਸਿੰਗ ਕੈਪੀਟਲ ਪ੍ਰੋਗਰਾਮ ਰਾਹੀਂ ਇਹ ਯਕੀਨੀ ਬਣਾਉਣ ਲਈ ਕਿ ਰਿਹਾਇਸ਼ਾਂ ਕਮਿਊਨਿਟੀਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਅਤੇ ਸੱਭਿਆਚਾਰਕ ਤੌਰ 'ਤੇ ਢੁਕਵੀਂ ਪ੍ਰਕਾਰ ਦੀ ਸਹਾਇਤਾ ਮੁਹੱਈਆ ਕਰਨ, ਇੰਡਿਜਨਸ ਸਰਕਾਰਾਂ ਅਤੇ ਸੰਸਥਾਵਾਂ ਨਾਲ ਕੰਮ ਕਰਨਾਂ ਜਾਰੀ ਰੱਖਿਆ ਹੋਇਆ ਹੈ।”

*Jason Nixon, ਮਿਨਿਸਟਰ ਆਫ ਸੀਨੀਅਰਜ਼ ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼*

ਇੰਡਿਜਨਸ ਰਿਲੇਸ਼ਨਜ਼ ਵਿਭਾਗ ਉਨ੍ਹਾਂ ਪ੍ਰੋਗਰਾਮਾਂ ਅਤੇ ਪਹਿਲਕਦਮੀਆਂ ਰਾਹੀਂ ਅਸਮਾਨਤਾਵਾਂ ਨੂੰ ਘਟਾਉਣ ਲਈ ਵਚਨਬਧ ਹੈ ਜਿਹੜੀਆਂ ਇੰਡਿਜਨਸ ਸਿੱਖਿਆ, ਨੌਕਰੀਆਂ, ਐਮਰਜੈਂਸੀ ਸ਼ੈਲ਼ਟਰਾਂ, ਸਿਹਤ-ਸੰਭਾਲ ਸੁਧਾਰਾਂ ਅਤੇ ਸੱਭਿਆਚਾਰਕ ਸੁਚੇਤਨਾਂ ਨੂੰ ਵਧਾਉਣ 'ਚ ਸਹਿਯੋਗੀ ਬਣਦੀਆਂ ਹਨ।

"ਐਲਬਰਟਾ ਦੀ ਸਰਕਾਰ ਸੂਬੇ ਭਰ ਵਿਚ ਸਿਸਟਮਗਤ ਪੱਖਪਾਤ ਅਤੇ ਨਸਲਵਾਦ ਨਾਲ ਨਿਪਟਣ ਦੁਆਰਾ ਟਰੁੱਥ ਐਂਡ ਰੀਕਾਂਸਿਲੀਏਸ਼ਨ ਕਮਿਸ਼ਨ ਦੀਆਂ ਕਾਲਜ਼ ਟੂ ਐਕਸ਼ਨ (ਕਾਰਵਾਈਆਂ ਲਈ ਸੱਦੇ) ਦਾ ਸਨਮਾਨ ਕਰਨ ਵਾਸਤੇ ਵਚਨਬਧ ਹੈ। ਇਹ ਯਕੀਨੀ ਬਣਾਉਣ ਲਈ ਕਿ ਪਾਲਿਸੀਆਂ ਅਤੇ ਪ੍ਰੋਗਰਾਮ ਇੰਡਿਜਨਸ ਦ੍ਰਿਸ਼ਟੀਕੋਣਾਂ ਨੂੰ ਆਪਣੇ 'ਚ ਸ਼ਾਮਲ ਕਰਦੇ ਹੋਣ, ਤਾਂ ਕਿ ਸਾਡਾ ਕੰਮ ਸੱਭਿਆਚਾਰਕ ਤੌਰ 'ਤੇ ਢੁਕਵਾਂ ਅਤੇ ਅਸਰਦਾਇਕ ਹੋਵੇ, ਅਸੀਂ ਇੰਡਿਜਨਸ ਆਗੂਆਂ ਨਾਲ ਮਿਲਕੇ ਕੰਮ ਕਰਨਾਂ ਜਾਰੀ ਰੱਖਾਂਗੇ।"

*Rick Wilson, ਮਿਨਿਸਟਰ ਆਫ ਇੰਡਿਜਨਸ ਰਿਲੇਸ਼ਨਜ਼*

ਐਲਬਰਟਾ ਸਕਿਉਰਿਟੀ ਇੰਨਫ੍ਰਾਸਟ੍ਰੱਕਚਰ ਪ੍ਰੋਗਰਾਮ (ASIP) ਧਰਮ-ਆਧਾਰਿਤ ਅਤੇ ਕਮਿਊਨਿਟੀ ਗਰੁੱਪਾਂ ਦੀ, ਜੋ ਨਫਰਤ ਜਾਂ ਪੱਖਪਾਤ ਤੋਂ ਪ੍ਰੇਰਤ ਹਿੰਸਾ ਦੇ ਖਤਰੇ 'ਚ ਹਨ, ਸਕਿਉਰਿਟੀ ਮੁਲਾਂਕਣਾਂ, ਸਕਿਉਰਿਟੀ ਇੰਨਫ੍ਰਾਸਟ੍ਰੱਕਚਰ ਸੁਧਾਰਾਂ, ਟ੍ਰੇਨਿੰਗ, ਸਾਜ਼-ਸਮਾਨ ਅਤੇ ਝਟਪਟੇ ਸਕਿਉਰਿਟੀ ਰਿਸਪਾਂਸ ਉਪਾਵਾਂ ਲਈ ਫੰਡਿੰਗ ਦੇਣ ਦੁਆਰਾ ਸਹਾਇਤਾ ਕਰਦਾ ਹੈ। ਨਫਰਤ ਦੀਆਂ ਇੰਨ੍ਹਾਂ ਭਾਵਨਾਵਾਂ ਦੇ ਜਵਾਬ 'ਚ ਸਰਕਾਰ ਨੇ ਇਸਲਾਮਿਕ ਅਤੇ ਯਹੂਦੀ ਧਰਮ-ਆਧਾਰਿਤ ਬਦਲਵੇਂ ਸਕੂਲਾਂ, ਨਾਲ ਦੀ ਨਾਲ ਐਲਬਰਟਾ 'ਚ ਅਰਬੀ ਦੁ-ਭਾਸ਼ੀ ਪ੍ਰੋਗਰਾਮਾਂ ਨੂੰ ਸ਼ਾਮਲ ਕਰਨ ਲਈ 2025 ਦੇ ਅੰਤ ਤੱਕ ਇਸ ਪ੍ਰੋਗਰਾਮ ਵਾਸਤੇ ਯੋਗਤਾ 'ਚ ਵਿਸਥਾਰ ਕੀਤਾ ਹੈ। ਇਸ ਤੋਂ ਇਲਾਵਾ, ਐਲਬਰਟਾ ਦਾ ਹੇਟ ਕ੍ਰਾਈਮ ਕੋਆਰਡੀਨੇਸ਼ਨ ਯੂਨਿਟ ਨਫਰਤ-ਪ੍ਰੇਰਤ ਵਾਕਿਆਂ ਨੂੰ ਘਟਾਉਣ ਅਤੇ ਉਨ੍ਹਾਂ ਦੀ ਜਵਾਬਦੇਹੀ 'ਚ ਮਦਦ ਕਰਨ ਲਈ ਟ੍ਰੇਨਿੰਗ ਦੇ ਮੌਕੇ ਪੈਦਾ ਕਰਨ, ਅੰਤਰ-ਏਜੰਸੀ ਖੁਫੀਆ ਸੂਚਨਾਵਾਂ ਇਕੱਤਰ ਕਰਨ ਅਤੇ ਜਾਂਚ-ਪੜਤਾਲ ਦੀ ਮਦਦ ਦੁਆਰਾ ਸੂਬੇ ਭਰ 'ਚ ਕਾਨੂੰਨ ਲਾਗੂ ਕਰਨ ਵਾਲੇ ਗਰੁੱਪਾਂ ਨਾਲ ਲਗਾਤਾਰ ਕੰਮ ਕਰਨਾਂ ਜਾਰੀ ਰੱਖ ਰਿਹਾ ਹੈ।

"ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕਿੱਥੋਂ ਆਏ ਹੋ - ਐਲਬਰਟਾ 'ਚ ਹਰ ਇਕ ਦਾ ਆਪਣੀਆਂ ਕਮਿਊਨਿਟੀਆਂ 'ਚ ਸੁਰੱਖਿਅਤ ਅਤੇ ਇੱਜ਼ਤ ਸਹਿਤ ਰਹਿਣ ਦਾ ਅਧਿਕਾਰ ਹੈ। ਸਾਡੀਆਂ ਸਟਰੀਟਾਂ, ਸਕੂਲਾਂ ਜਾਂ ਪੂਜਾ ਸਥਾਨਾਂ 'ਤੇ ਪਰੇਸ਼ਾਨ ਕਰਨ ਅਤੇ ਬਰਬਰਤਾ ਦਾ ਕੋਈ ਥਾਂ ਨਹੀਂ ਹੈ। ਐਲਬਰਟਾ ਸਰਕਾਰ ਕਿਸੇ ਵੀ ਕੀਮਤ 'ਤੇ ਇਸ ਪ੍ਰਕਾਰ ਦੇ ਜੁਰਮਾਂ ਨੂੰ ਖਤਮ ਕਰਨ ਅਤੇ ਹਰੇਕ ਵਾਸਤੇ ਕਮਿਊਨਿਟੀਆਂ ਨੂੰ ਸੁਰੱਖਿਅਤ ਬਣਾਉਣ ਲਈ ਜੋ ਵੀ ਕਰਨਾਂ ਪਿਆ, ਕਰੇਗੀ।"

*Mike Ellis, ਮਿਨਿਸਟਰ ਆਫ ਪਬਲਿਕ ਸੇਫਟੀ ਐਂਡ ਐਮਰਜੈਂਸੀ ਸਰਵਿਸਿਜ਼*

ਇਸ ਤੋਂ ਇਲਾਵਾ, ਐਲਬਰਟਾ ਐਜੂਕੇਸ਼ਨ ਵਿਭਾਗ ਵੱਲੋਂ ਇਹ ਯਕੀਨੀ ਬਣਾਉਣ ਲਈ ਕਿ ਨਸਲਵਾਦ ਵਿਰੋਧ, ਬਹੁਲਵਾਦ ਅਤੇ ਇੰਨ੍ਹਾਂ ਨਾਲ ਸਬੰਧਤ ਵਿਸ਼ਿਆਂ ਨਾਲ ਨਿਪਟਣ ਦੇ ਅਵਸਰ ਸਾਰੇ ਵਿਸ਼ਿਆਂ ਅਤੇ ਗਰੇਡਾਂ, ਸਮੇਤ ਇੰਗਲਿਸ਼ ਲੈਂਗੁਏਜ ਆਰਟ ਐਂਡ ਲਿਟਰੇਚਰ, ਸੋਸ਼ਲ ਸਟੱਡੀਜ਼ ਅਤੇ ਫਿਜ਼ੀਕਲ ਐਜੂਕੇਸ਼ਨ ਐਂਡ ਵੈੱਲਨੈੱਸ, 'ਚ ਉਪਲਬਧ ਹੋਣ, ਕਰੀਕੁਲਮ ਨੂੰ ਅੱਪਡੇਟ ਕੀਤਾ ਜਾ ਰਿਹਾ ਹੈ।

“ਹਰੇਕ ਵਿਦਿਆਰਥੀ ਦਾ ਹੱਕ ਹੈ ਕਿ ਉਸਨੂੰ ਸਕੂਲ 'ਚ ਸਵਾਗਤ ਕੀਤੇ ਜਾਣਾ, ਸਤਿਕਾਰ ਕੀਤੇ ਜਾਣਾ ਅਤੇ ਵੇਖੇ ਜਾਣਾ ਮਹਿਸੂਸ ਹੋਵੇ। ਇਸ ਵਾਸਤੇ, ਸਾਡਾ ਕਰੀਕੁਲਮ ਵਿਦਿਆਰਥੀਆਂ ਨੂੰ ਕੈਨੇਡਾ ਅਤੇ ਦੁਨੀਆਂ ਭਰ 'ਚ ਵਿਭਿੰਨਤਾ ਨੂੰ ਖੋਜਣ ਅਤੇ ਉਸ ਬਾਰੇ ਜਾਨਣ ਦੇ ਮੌਕੇ ਮੁਹੱਈਆ ਕਰਦਾ ਹੈ। ਮਿਸਾਲ ਵਜੋਂ, ਸਾਡੇ ਨਵੇਂ ਕੇ-6 ਸੋਸ਼ਲ ਸਟੱਡੀਜ਼ ਕਰੀਕੁਲਮ 'ਚ ਨਸਲਵਾਦ, ਇਸਲਾਮੋਫੋਬੀਆ ਅਤੇ ਐਂਟੀਸੈਮਿਟਿਜ਼ਮ ਨਾਲ  ਨਿਪਟਣ 'ਚ ਮਦਦ ਕਰਨ ਲਈ ਜਾਣਕਾਰੀ ਸ਼ਾਮਲ ਹੈ।"

*Demetrios Nicolaides, ਮਿਨਿਸਟਰ ਆਫ ਐਜੂਕੇਸ਼ਨ*

ਐਲਬਰਟਾ ਸਰਕਾਰ ਸਭ ਪ੍ਰਕਾਰ ਦੇ ਨਸਲਵਾਦ ਦਾ ਸਖਤੀ ਨਾਲ ਖੰਡਨ ਕਰਦੀ ਹੈ। ਸਾਰੇ ਸਰਕਾਰੀ ਮੰਤਰਾਲਿਆਂ ਦਰਮਿਆਨ ਕਈ ਸਾਰੀਆਂ ਕਾਰਵਾਈਆਂ ਅਤੇ ਪਹਿਲਕਦਮੀਆਂ ਦੁਆਰਾ ਵਿਤਕਰੇ ਨਾਲ ਨਜਿੱਠਣ ਅਤੇ ਸੂਬੇ ਨੂੰ ਵਧੇਰੇ ਸੁਆਗਤੀ ਪ੍ਰਕਾਰ ਦਾ ਬਣਾਉਣ ਲਈ ਲਗਾਤਾਰ ਕੰਮ ਚੱਲ ਰਿਹਾ ਹੈ।

## ਫੌਰੀ ਤੱਥ

- ਐਲਬਰਟਾ ਦੀ ਐਂਟੀ-ਰੇਸਿਜ਼ਮ ਐਨੂਅਲ ਰਿਪੋਰਟ ਸਰਕਾਰੀ ਕਾਰਵਾਈਆਂ ਨੂੰ ਪੰਜ ਵਿਸ਼ਿਆਂ ਤਹਿਤ ਕਵਰ ਕਰਦੀ ਹੈ:
    - ਪਬਲਿਕ ਸਿੱਖਿਆ/ਸੱਭਿਆਚਾਰਕ ਸੁਚੇਤਨਾਂ
    - ਪ੍ਰਬੰਧਕੀ ਸੁਧਾਰਾਂ ਵਾਸਤੇ ਸਰਕਾਰ ਇਕ ਉਤਪ੍ਰੇਰਕ ਵਜੋਂ
    - ਕਮਿਊਨਿਟੀਆਂ ਦਾ ਸੁਸ਼ਕਤੀਕਰਨ
    - ਨਫਰਤੀ ਵਾਕਿਆਂ ਅਤੇ ਜੁਰਮਾਂ ਪ੍ਰਤਿ ਜੁਆਬੀ ਕਾਰਵਾਈ
    - ਡੈਟਾ ਅਤੇ ਪੈਮਾਇਸ਼
- ਐਲਬਰਟਾ ਦੀ ਐਂਟੀ-ਰੇਸਿਜ਼ਮ ਐਕਸ਼ਨ ਪਲੈਨ ਦੀ ਪਹਿਲੀ ਸਲਾਨਾਂ ਰਿਪੋਰਟ ਦਸੰਬਰ 2023 ਨੂੰ ਛਾਪੀ ਗਈ, ਜਿਸ 'ਚ 25 ਮੰਤਰਾਲਿਆਂ ਵੱਲੋਂ ਕੀਤੀਆਂ ਕਾਰਵਾਈਆਂ ਨੂੰ ਉਜਾਗਰ ਕੀਤਾ ਗਿਆ।

- ਨਸਲਵਾਦ ਨਾਲ ਨਿਪਟਣ ਲਈ ਅੰਤਰਸੂਝ ਅਤੇ ਸਲਾਹ ਮਸ਼ਵਰਾ ਪ੍ਰਦਾਨ ਕਰਨ ਲਈ ਐਲਬਰਟਾ ਐਂਟੀ-ਰੇਸਿਜ਼ਮ ਐਡਵਾਇਜ਼ਰੀ ਕੌਂਸਲ ਦੀ ਸਿਰਜਨਾਂ 2019 'ਚ ਕੀਤੀ ਗਈ। ਇਸ ਦੀਆਂ 48 ਸਿਫਾਰਸ਼ਾਂ ਨੇ ਐਲਬਰਟਾ ਦੀ ਐਂਟੀ-ਰੇਸਿਜ਼ਮ ਐਕਸ਼ਨ ਪਲੈਨ ਨੂੰ ਜਾਣਕਾਰੀ ਦੇਣ 'ਚ ਮਦਦ ਕੀਤੀ।

## ਸਬੰਧਤ ਜਾਣਕਾਰੀ

- ਟੇਕਿੰਗ ਐਕਸ਼ਨ ਆਨ ਰੇਸਿਜ਼ਮ: ਬਿਲਡਿੰਗ ਮੁਮੈਂਟਮ
- ਐਥਨੋਕਲਚਰਲ ਗਰਾਂਟ ਪ੍ਰੋਗਰਾਮ
- ਐਂਟੀ-ਰੇਸਿਜ਼ਮ ਗਰਾਂਟ ਪ੍ਰੋਗਰਾਮ
- ਐਲਬਰਟਾ ਸਕਿਉਰਿਟੀ ਇੰਨਫ੍ਰਾਸਟ੍ਰੱਕਚਰ ਗਰਾਂਟ

## ਸਬੰਧਤ ਖਬਰਾਂ

- ਏ ਨਿਊ ਰੋਡ ਮੈਪ ਫਾਰ ਕੌਮਬੈਟਿੰਗ ਰੇਸਿਜ਼ਮ ਐਲਬਰਟਾ'ਜ਼ ਐਂਟੀ ਰੇਸਿਜ਼ਮ ਪਲੈਨ (18 ਜੁਲਾਈ 2022)

## ਮੀਡੀਆ ਇੰਨਕੁਆਰੀਆਂ

**Neil Singh**

780-644-2212
ਪ੍ਰੈੱਸ ਸੈਕਰੇਟਰੀ, ਇੰਮੀਗਰੇਸ਼ਨ ਐਂਡ ਮਲਟੀਕਲਚਰਲਿਜ਼ਮ